WORK SAFE BC | ਨਿਊਜ਼ ਰਿਲੀਜ਼

# ਵਰਕਸੇਫ ਬੀ ਸੀ, ਰੈਸਟੋਰੈਂਟਾਂ, ਬਾਰਾਂ ਅਤੇ ਪੱਬਾਂ ਵਿਚ ਵਰਕਰਾਂ ਦੇ ਤਿਲਕਣ, ਠੇਡਾ ਲੱਗਣ ਅਤੇ ਡਿਗਣ ਦੇ ਖਤਰਿਆਂ ਤੋਂ ਸੁਚੇਤ ਕਰਦੀ ਹੈ

*ਰੈਸਟੋਰੈਂਟਾਂ, ਬਾਰਾਂ ਅਤੇ ਪੱਬਾਂ ਵਿਚ ਕੰਮ `ਤੇ ਲੱਗਣ ਵਾਲੀਆਂ ਇਕ-ਚੁਥਾਈ ਸੱਟਾਂ, ਤਿਲਕਣ, ਠੇਡਾ ਲੱਗਣ ਅਤੇ ਡਿਗਣ ਕਾਰਨ ਲੱਗਦੀਆਂ ਹਨ, ਜਿਸ ਦਾ ਇੰਡਸਟਰੀ ਨੂੰ ਪਿਛਲੇ ਪੰਜ ਸਾਲਾਂ ਵਿਚ 20 ਮਿਲੀਅਨ ਡਾਲਰ ਦੇ ਕਲੇਮਾਂ ਦਾ ਖਰਚਾ ਪਿਆ ਹੈ।*

**ਰਿਚਮੰਡ, ਬੀ.ਸੀ. (31 ਅਗਸਤ, 2022)** – ਵਰਕਸੇਫ ਬੀ ਸੀ, ਇਮਪਲੌਏਅਰਜ਼ (ਕੰਮ-ਮਾਲਕਾਂ) ਅਤੇ ਵਰਕਰਾਂ ਨੂੰ ਰੈਸਟੋਰੈਂਟਾਂ, ਬਾਰਾਂ ਅਤੇ ਪੱਬਾਂ ਵਿਚ ਤਿਲਕਣ, ਠੇਡਾ ਲੱਗਣ ਅਤੇ ਡਿਗਣ ਤੋਂ ਖਤਰਿਆਂ ਬਾਰੇ ਯਾਦ ਕਰਵਾ ਰਹੀ ਹੈ। ਬੀ.ਸੀ. ਵਿਚ ਪਿਛਲੇ ਪੰਜ ਸਾਲਾਂ ਦੌਰਾਨ, ਰੈਸਟੋਰੈਂਟਾਂ, ਬਾਰਾਂ ਅਤੇ ਪੱਬਾਂ ਵਿਚ ਸੱਟਾਂ ਦੇ ਸਾਰੇ ਕਲੇਮਾਂ ਦੀ ਤਕਰੀਬਨ 25 ਪ੍ਰਤੀਸ਼ਤ ਤਿਲਕਣ, ਠੇਡਾ ਲੱਗਣ ਅਤੇ ਡਿਗਣ ਕਾਰਨ ਸੀ।

ਤਿਲਕਣ, ਠੇਡਾ ਲੱਗਣ ਅਤੇ ਡਿਗਣ ਨਾਲ ਲੱਗਣ ਵਾਲੀਆਂ ਸੱਟਾਂ ਵਿਚ ਮਚਕੋੜ ਆਉਣਾ, ਨੀਲ ਪੈਣਾ, ਸਿਰ ਵਿਚ ਸੱਟ ਲੱਗਣਾ, ਕਿਸੇ ਅੰਗ ਦਾ ਟੁੱਟਣਾ, ਅਤੇ ਸਾੜ ਅਤੇ ਕੱਟ ਲੱਗਣਾ ਸ਼ਾਮਲ ਹਨ। ਇਸ ਤੋਂ ਇਲਾਵਾ, ਰੈਸਟੋਰੈਂਟਾਂ, ਬਾਰਾਂ ਅਤੇ ਪੱਬਾਂ ਵਿਚ ਤਿਲਕਣ, ਠੇਡਾ ਲੱਗਣ ਅਤੇ ਡਿਗਣ ਦੀਆਂ ਘਟਨਾਵਾਂ ਕੰਮ ਦੀ ਥਾਂ `ਤੇ ਬਹੁਤ ਮਹਿੰਗੀਆਂ ਪੈਂਦੀਆਂ ਹਨ। ਨਤੀਜਾ ਦਰਦ, ਤਕਲੀਫ਼, ਅਪਾਹਜਤਾ, ਤਣਾਅ ਵਿਚ, ਅਤੇ ਇੱਥੋਂ ਤੱਕ ਕਿ ਕੰਮ ਟੁੱਟਣ ਜਾਂ ਬਦਲਣ ਵਿਚ ਵੀ ਨਿਕਲ ਸਕਦਾ ਹੈ।

ਵਰਕਸੇਫ ਬੀ ਸੀ ਨਾਲ ਸੀਨੀਅਰ ਮੈਨੇਜਰ ਔਫ ਪ੍ਰੀਵੈਨਸ਼ਨ ਫੀਲਡ ਸਰਵਿਸਿਜ਼ ਵਜੋਂ ਕੰਮ ਕਰਦੇ ਬੇਰੀ ਨਾਕਾਹਾਰਾ ਦਾ ਕਹਿਣਾ ਹੈ, “ਹਾਲਾਂ ਕਿ ਇਹ ਆਮ ਹੀ ਵਾਪਰਦੀਆਂ ਹਨ, ਤਿਲਕਣਾ, ਠੇਡਾ ਲੱਗਣਾ ਅਤੇ ਡਿਗਣਾ ਕੰਮ ਦੀ ਥਾਂ `ਤੇ ਵਾਪਰਨ ਵਾਲੀਆਂ ਘਟਨਾਵਾਂ ਦੀਆਂ ਕੁਝ ਸਭ ਤੋਂ ਵੱਧ ਰੋਕੀਆਂ ਜਾ ਸਕਣ ਵਾਲੀਆਂ ਕਿਸਮਾਂ ਹਨ। ਅਸੀਂ ਰੈਸਟੋਰੈਂਟਾਂ, ਬਾਰਾਂ, ਅਤੇ ਪੱਬਾਂ ਵਿਚ ਇਮਪਲੌਏਅਰਜ਼ ਨੂੰ ਇਹ ਬੇਨਤੀ ਕਰ ਰਹੇ ਹਾਂ ਕਿ ਉਹ ਕੰਮ ਦੀ ਥਾਂ ਵਿਚ ਤਿਲਕਣ ਅਤੇ ਠੇਡਾ ਲੱਗਣ ਦੇ ਖਤਰਿਆਂ ਦੀ ਪਛਾਣ ਕਰਨ ਲਈ ਕਦਮ ਚੁੱਕਣ ਅਤੇ ਸੱਟ ਲੱਗਣ ਦੇ ਖਤਰੇ ਨੂੰ ਘਟਾਉਣ ਲਈ ਕੰਟਰੋਲ ਲਾਗੂ ਕਰਨ।”

ਤਿਲਕਣ, ਠੇਡਾ ਲੱਗਣ ਅਤੇ ਡਿਗਣ ਨਾਲ ਲੱਗਣ ਵਾਲੀਆਂ ਸੱਟਾਂ, ਰੈਸਟੋਰੈਂਟਾਂ, ਬਾਰਾਂ ਅਤੇ ਪੱਬਾਂ ਲਈ ਮਾਇਕ ਤੌਰ `ਤੇ ਦਿੱਕਤਾਂ ਪੈਦਾ ਕਰਨ ਵਾਲੀਆਂ ਹੋ ਸਕਦੀਆਂ ਹਨ। ਸਾਲ 2017 ਅਤੇ 2021 ਵਿਚਕਾਰ, ਇਨ੍ਹਾਂ ਸੱਟਾਂ ਦਾ ਇੰਡਸਟਰੀ ਨੂੰ ਖਰਚਾ, ਵਰਕਰਜ਼ ਕੰਪਨਸੇਸ਼ਨ ਕਲੇਮ ਦੇ ਖਰਚਿਆਂ ਵਿਚ 20 ਮਿਲੀਅਨ ਡਾਲਰ ਨਾਲੋਂ ਜ਼ਿਆਦਾ ਵਿਚ ਪਿਆ। ਸਿੱਧੇ ਖਰਚਿਆਂ ਵਿਚ ਕਲੇਮਾਂ ਦੀਆਂ ਪੇਮੈਂਟਾਂ, ਇਨਸ਼ੋਰੈਂਸ ਦੇ ਵਧੇ ਹੋਏ ਪ੍ਰੀਮੀਅਮ ਅਤੇ ਜੁਰਮਾਨੇ ਸ਼ਾਮਲ ਹੋ ਸਕਦੇ ਹਨ।

ਕੰਮ ਦੀ ਥਾਂ `ਤੇ ਤਿਲਕਣ, ਠੇਡਾ ਲੱਗਣ ਅਤੇ ਡਿਗਣ ਦੇ ਖਤਰਿਆਂ ਨੂੰ ਅਸਰਦਾਰ ਤਰੀਕੇ ਨਾਲ ਕੰਟਰੋਲ ਕਰਨ ਵਿਚ ਇਹ ਕਦਮ ਸ਼ਾਮਲ ਹਨ:

1. ਖਤਰਿਆਂ ਦੀ ਪਛਾਣ ਕਰੋ: ਕੰਮ ਦੀ ਥਾਂ ਦੀ ਇੰਸਪੈਕਸ਼ਨ ਕਰੋ, ਤਿਲਕਣ ਅਤੇ ਠੇਡਾ ਲੱਗਣ ਦਾ ਨਕਸ਼ਾ ਤਿਆਰ ਕਰੋ, ਵਿਚਾਰਾਂ ਅਤੇ ਰਿਪੋਰਟਾਂ ਦੀ ਪੜਚੋਲ ਕਰੋ, ਅਤੇ ਵਰਕਰਾਂ, ਸੁਪਰਵਾਈਜ਼ਰਾਂ ਅਤੇ ਸਾਂਝੀ ਹੈਲਥ ਐਂਡ ਸੇਫਟੀ ਕਮੇਟੀ ਦੇ ਮੈਂਬਰਾਂ ਨਾਲ ਗੱਲਬਾਤ ਕਰੋ।
2. ਖਤਰਿਆਂ ਦਾ ਅਨੁਮਾਨ ਲਗਾਉ :ਖਤਰਿਆਂ ਨੂੰ ਸੰਭਾਵਨਾ ਅਤੇ ਗੰਭੀਰਤਾ ਮੁਤਾਬਕ ਦਰਜਾ ਦਿਉ ਅਤੇ ਕੰਮ ਦੀ ਹਰ ਥਾਂ ਵਿਚ ਦਿਖਾਈ ਦਿੱਤੇ ਰੁਝਾਨਾਂ ਵੱਲ ਧਿਆਨ ਦਿਉ।
3. ਅਸਰਦਾਰ ਕੰਟਰੋਲ ਲਾਗੂ ਕਰੋ: ਸਭ ਤੋਂ ਅਸਰਦਾਰ ਕੰਟਰੋਲ ਖਤਰਿਆਂ ਨੂੰ ਉਨ੍ਹਾਂ ਦੇ ਪੈਦਾ ਹੋਣ ਵਾਲੀਆਂ ਥਾਂ `ਤੇ ਖਤਮ ਕਰਨਾ ਹੈ (ਜਿਵੇਂ ਠੇਡਾ ਲੱਗਣ ਦਾ ਖਤਰਾ ਹਟਾ ਦਿਉ)। ਜੇ ਇਹ ਸੰਭਵ ਨਾ ਹੋਵੇ ਤਾਂ ਬਦਲ ਲੱਭੋ (ਜਿਵੇਂ ਲਾਂਘੇ ਬਦਲੋ ਜਾਂ ਫਰਸ਼ ਦੀ ਸਫਾਈ ਕਰਨ ਵਾਲੇ ਤਰੀਕੇ ਬਦਲੋ), ਜਾਂ ਇੰਜਨੀਅਰਿੰਗ ਕੰਟਰੋਲ (ਜਿਵੇਂ ਨਾ ਤਿਲਕਣ ਵਾਲੇ ਮੈਟਸ, ਫੜਨ ਲਈ ਜੰਗਲੇ ਲਗਾਉਣਾ)।

ਵਰਕਸੇਫ ਬੀ ਸੀ ਦਾ ਅੱਗੇ ਹੋਰ ਕਹਿਣਾ ਹੈ ਕਿ ਮਾਲਕਾਂ, ਮੈਨੇਜਰਾਂ, ਅਤੇ ਸੁਪਰਵਾਈਜ਼ਰਾਂ ਨੂੰ ਤਿਲਕਣ ਅਤੇ ਠੇਡਾ ਲੱਗਣ ਦੇ ਖਤਰਿਆਂ ਦੀ ਪਛਾਣ ਕਰਨ ਅਤੇ ਇਨ੍ਹਾਂ ਨੂੰ ਠੀਕ ਕਰਨ ਲਈ ਸਰਗਰਮ ਰੋਲ ਨਿਭਾਉਣ ਦੀ ਲੋੜ ਹੈ ਅਤੇ ਵਰਕਰਾਂ ਨੂੰ ਸ਼ਾਮਲ ਕੀਤੇ ਜਾਣ ਦੀ ਲੋੜ ਹੈ।

ਨਾਕਾਹਾਰਾ ਦਾ ਕਹਿਣਾ ਹੈ, “ਤਿਲਕਣ, ਠੇਡਾ ਲੱਗਣ ਅਤੇ ਡਿਗਣ ਨਾਲ ਲੱਗਣ ਵਾਲੀਆਂ ਸੱਟਾਂ ਤੋਂ ਰੋਕਥਾਮ ਕਰਨ ਦੇ ਉਪਰਾਲੇ ਉਦੋਂ ਜ਼ਿਆਦਾ ਕਾਮਯਾਬ ਹੋਣ ਦੀ ਸੰਭਾਵਨਾ ਹੈ ਜਦੋਂ ਵਰਕਰ ਇਸ ਵਿਚ ਸਰਗਰਮੀ ਨਾਲ ਸ਼ਾਮਲ ਹੁੰਦੇ ਹਨ। ਮੂਹਰੇ ਕੰਮ ਕਰਦਾ ਸਟਾਫ ਤਿਲਕਣ ਅਤੇ ਠੇਡਾ ਲੱਗਣ ਦੇ ਖਤਰਿਆਂ ਬਾਰੇ ਦੱਸਣ ਅਤੇ ਇਨ੍ਹਾਂ ਦਾ ਤੇਜ਼ੀ ਨਾਲ ਹੱਲ ਕਰਨ ਵਿਚ ਇਮਪਲੌਏਅਰਜ਼ ਦੀ ਮਦਦ ਕਰਨ ਲਈ ਬਿਹਤਰ ਹਾਲਤ ਵਿਚ ਹੁੰਦਾ ਹੈ।”

ਤਿਲਕਣ, ਠੇਡਾ ਲੱਗਣ ਅਤੇ ਡਿਗਣ ਤੋਂ ਰੋਕਥਾਮ ਕਰਨ ਵਿਚ ਇਮਪਲੌਏਅਰਜ਼ ਦੀ ਮਦਦ ਕਰਨ ਲਈ, ਵਰਕਸੇਫ ਬੀ ਸੀ ਨੇ ਇਹ ਵਸੀਲੇ ਤਿਆਰ ਕੀਤੇ ਹਨ: *Preventing Slips, Trips and Falls in the Workplace*, ਅਤੇ *Kitchen Safety: Preventing Slips, Trips, and Falls*. ਇਹ ਅਤੇ ਹੋਰ ਵਸੀਲੇ ਇੱਥੇ ਉਪਲਬਧ ਹਨ: worksafebc.com.

**ਮੁੱਖ ਤੱਥ**

- ਹਰ ਸਾਲ, ਕੰਮਾਂ ਦੀਆਂ ਥਾਂਵਾਂ `ਤੇ ਤਿਲਕਣ, ਠੇਡਾ ਲੱਗਣ ਅਤੇ ਡਿਗਣ ਨਾਲ 11,000 ਬ੍ਰਿਟਿਸ਼ ਕੋਲੰਬੀਅਨਾਂ ਦੇ ਸੱਟਾਂ ਲੱਗਦੀਆਂ ਹਨ।
- ਸਾਰੀਆਂ ਇੰਡਸਟਰੀਆਂ ਵਿਚ, ਤਿਲਕਣਾ, ਠੇਡਾ ਲੱਗਣਾ ਅਤੇ ਡਿਗਣਾ ਕੰਮ ਦੀ ਥਾਂ ਵਿਚ ਹੋਣ ਵਾਲੀਆਂ ਸਭ ਤੋਂ ਮਹਿੰਗੀਆਂ ਘਟਨਾਵਾਂ ਹਨ, ਜਿਸ ਦਾ ਨਤੀਜਾ 260,000 ਨਾਲੋਂ ਜ਼ਿਆਦਾ ਕੰਮ ਦੇ ਦਿਨਾਂ ਦੇ ਨੁਕਸਾਨ ਵਿਚ ਅਤੇ 206 ਮਿਲੀਅਨ ਡਾਲਰ ਨਾਲੋਂ ਜ਼ਿਆਦਾ ਦੀਆਂ ਵਰਕਰਜ਼ ਕੰਪਨਸੇਸ਼ਨ ਪੇਮੈਂਟਾਂ ਵਿਚ ਨਿਕਲਦਾ ਹੈ।
- ਸਾਰੀਆਂ ਇੰਡਸਟਰੀਆਂ ਵਿਚ, ਬੀ.ਸੀ. ਵਿਚ ਸੱਟਾਂ ਦੇ ਸਾਰੇ ਕਲੇਮਾਂ ਦੀ 20 ਪ੍ਰਤੀਸ਼ਤ ਤਿਲਕਣ, ਠੇਡਾ ਲੱਗਣ ਅਤੇ ਡਿਗਣ ਕਾਰਨ ਹੁੰਦੀ ਹੈ।

-30-

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ' ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ 2.49 ਮਿਲੀਅਨ ਵਰਕਰਾਂ ਅਤੇ 263,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ
ਈਮੇਲ: media@worksafebc.com
ਟੈਲੀਫੋਨ: 604-276-5157